# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਵੱਲ,

ਸਮੂਹ ਸਕੂਲ ਮੁੱਖੀ

ਸਸਸਸ/ਸਮਸ/ਸਸਸ ਬਠਿੰਡਾ

ਪੱਤਰ ਨੰ ਲ-6/2025/੫੩੭੦

ਮਿਤੀ 22-08-2025

ਵਿਸ਼ਾ NSP ਪੋਰਟਲ ਤੇ NMMSS ਦਾ ਵਜੀਫਾ ਅਪਲਾਈ ਕਰਨ ਅਤੇ ਰਜਿਸਟ੍ਰੇਸਨ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ NSP ਪੋਰਟਲ ਤੇ NMMSS ਦਾ ਵਜੀਫਾ ਅਪਲਾਈ ਕਰਨ ਲਈ ਪੱਤਰ ਜਾਰੀ ਕੀਤਾ ਜਾ ਚੁੱਕਾ ਹੈ। ਪ੍ਰੰਤੂ ਵਜੀਫਾ ਅਪਲਾਈ ਕਰਵਾਉਣ ਦੀ ਰਫਤਾਰ ਬਹੁਤ ਧੀਮੀ ਹੈ। ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ ਵੱਲੋਂ ਇਸ ਦਾ ਗੰਭੀਰ ਨੋਟਿਸ ਲਿਆ ਜਾ ਰਿਹਾ ਹੈ। ਜਲਦੀ ਤੋਂ ਜਲਦੀ ਮੈਰਿਟ ਵਿੱਚ ਆਏ ਸਾਰੇ FRESH ਅਤੇ RENEWAL ਵਿਦਿਆਰਥੀਆਂ ਦਾ ਵਜੀਫਾ ਪੋਰਟਲ ਤੇ ਅਪਲਾਈ ਕਰਵਾਇਆ ਜਾਵੇ ਤਾਂ ਜੋ ਕੋਈ ਵੀ ਵਿਦਿਆਰਥੀ ਵਜੀਫਾ ਪ੍ਰਾਪਤ ਕਰਨ ਤੋਂ ਵਾਂਝਾ ਨਾ ਰਹਿ ਜਾਵੇ।ਜੇਕਰ ਕੋਈ ਵੀ ਵਿਦਿਆਰਥੀ ਕਿਸੇ ਪ੍ਰਾਈਵੇਟ.ਮੈਰੀਟੋਰੀਅਸ ਜਾ ਕਿਸ ਹੋਰ ਸਕੀਮ ਵਿੱਚ ਵਜੀਫਾ ਲੈ ਰਿਹਾ ਹੈ ਉਨ੍ਹਾ ਵਿਦਿਆਰਥੀਆਂ ਦਾ ਲੈਟਰਹੈਡ ਤੇ ਲਿਖ ਕੇ ਇਸ ਮੇਲ ਆਈ deoofficescbathidna@gamil.com ਤੇ ਭੇਜਿਆ ਜਾਵੇ। ਵਜੀਫਾ ਅਪਲਾਈ ਕਰਨ ਦੀ ਆਖਰੀ ਮਿਤੀ 31-08-2025 ਹੈ ਇਸ ਤੋ ਬਾਅਦ ਪੋਰਟਲ ਬੰਦ ਕਰ ਦਿੱਤਾ ਜਾਵੇਗਾ।

ਐਨ.ਐਮ.ਐਮ.ਐਸ ਅਤੇ ਪੀ.ਐਸ.ਟੀ ਐਸ.ਈ ਦੇ ਪੇਪਰ ਲਈ ਈ ਪੰਜਾਬ ਪੋਰਟਲ ਤੇ ਰਜਿਸਟ੍ਰੇਸ਼ਨ ਵੀ ਬਹੁਤ ਘੱਟ ਵਿਦਿਆਰਥੀ ਦੀ ਕੀਤੀ ਗਈ ਹੈ ਅਪਲਾਈ ਕਰਨ ਦੀ ਆਖਰੀ ਮਿਤੀ 31-08-2025 ਹੈ । ਜਿਹੜੇ ਵਿਦਿਆਰਥੀ ਰਹਿੰਦੇ ਹਨ ਉਹ ਤੁਰੰਤ ਰਜਿਸਟ੍ਰੇਸ਼ਨ ਕਰਵਾਉਣੀ ਯਕੀਨੀ ਬਣਾਉਣ।

ਨੋਟ:

1. ਫ਼ੀਲਡ ਵਿੱਚੋਂ ਆਉਣ ਵਾਲੀਆਂ Queries ਨੂੰ ਜਿਲ੍ਹਾ ਲੈਵਲ ਤੇ ਹੱਲ ਕੀਤਾ ਜਾਵੇਗਾ।

2. ਕੋਈ ਵੀ INO ਜਾਂ ਸਕੂਲ ਮੁੱਖੀ ਪੋਰਟਲ ਨਾਲ ਸਬੰਧਤ Queries ਨੂੰ ਸਿੱਧੇ ਤੌਰ ਤੇ ਮੁੱਖ ਦਫ਼ਤਰ ਵਿਖੇ ਨਹੀਂ ਭੇਜੇਗਾ।

3. DNO ਨਾਲ ਸੰਪਰਕ ਕੀਤਾ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ।

P.K
22/08/25